## ਸਾਡੀ ਕਾਰਵਾਈ ਨੂੰ ਕਿੰਨਾ ਸਮਾਂ ਲੱਗਦਾ ਹੈ?

ਸਮੇਂ ਦੀ ਕੋਈ ਹੱਦ ਨਹੀਂ ਹੈ। ਆਮ ਤੌਰ ਉੱਤੇ, ਜੇ ਮਸਲਾ ਜ਼ਿਆਦਾ ਗੰਭੀਰ ਜਾਂ ਗੁੰਝਲਦਾਰ ਹੈ ਤਾਂ ਇਸ ਨੂੰ ਜ਼ਿਆਦਾ ਸਮਾਂ ਲੱਗੇਗਾ। ਪਰ, ਲਾਅ ਸੁਸਾਇਟੀ ਆਪਣੀ ਪੂਰੀ ਕੋਸ਼ਿਸ਼ ਕਰਦੀ ਹੈ ਕਿ ਸਾਰੀਆਂ ਸ਼ਿਕਾਇਤਾਂ ਦਾ ਹੱਲ ਛੇਤੀ ਤੋਂ ਛੇਤੀ ਅਤੇ ਮੁਨਾਸਬ ਤਰੀਕੇ ਨਾਲ ਕੀਤਾ ਜਾਵੇ।

## ਫੈਸਲੇ ਬਾਰੇ ਅਪੀਲ ਕਰਨਾ

ਜੇ ਤੁਸੀਂ ਆਪਣੀ ਸ਼ਿਕਾਇਤ ਬਾਰੇ ਕੋਈ ਹੋਰ ਅਗਾਂਹ ਕਾਰਵਾਈ ਨਾ ਕਰਨ ਦੇ ਸਟਾਫ ਦੇ ਫੈਸਲੇ ਨਾਲ ਨਾਖੁਸ਼ ਹੋਵੋ ਤਾਂ ਖਾਸ ਹਾਲਤਾਂ ਵਿਚ ਤੁਸੀਂ ਇਸ ਫੈਸਲੇ ਬਾਰੇ ਲਾਅ ਸੁਸਾਇਟੀ ਦੀ ਕੰਪਲੇਨੈਂਟਸ ਰਿਵੀਊ ਕਮੇਟੀ ਕੋਲ ਅਪੀਲ ਕਰ ਸਕਦੇ ਹੋ।

## ਭੇਤ ਰੱਖਣਾ

*ਲੀਗਲ ਪ੍ਰੋਫੈਸ਼ਨ ਐਕਟ* ਅਧੀਨ, ਪੜਤਾਲ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਆਮ ਤੌਰ ਉੱਤੇ ਗੁਪਤ ਹੁੰਦੀ ਹੈ ਅਤੇ ਸਹਿਮਤੀ ਤੋਂ ਬਿਨਾਂ ਹੋਰ ਕਾਨੂੰਨੀ ਕਾਰਵਾਈਆਂ ਵਿਚ ਵਰਤੀ ਨਹੀਂ ਜਾ ਸਕਦੀ। ਪਰ ਲਾਅ ਸੁਸਾਇਟੀ, *ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ* (ਜਾਣਕਾਰੀ ਦੀ ਆਜ਼ਾਦੀ ਅਤੇ ਭੇਤਦਾਰੀ ਦੀ ਸੁਰੱਖਿਆ ਦੇ ਐਕਟ) ਅਧੀਨ ਆਉਂਦੀ ਹੈ। ਨਤੀਜੇ ਵਜੋਂ, ਲਾਅ ਸੁਸਾਇਟੀ ਵਲੋਂ ਇਕੱਠੀ ਕੀਤੀ ਗਈ ਜਾਣਕਾਰੀ, ਬੇਨਤੀ ਕਰਨ ਨਾਲ ਉਨ੍ਹਾਂ ਹੋਰ ਵਿਅਕਤੀਆਂ ਨੂੰ ਦਿੱਤੀ ਜਾ ਸਕਦੀ ਹੈ ਜਿਨ੍ਹਾਂ ਦੇ ਹਿੱਤ ਇਸ ਜਾਣਕਾਰੀ ਨਾਲ ਪ੍ਰਭਾਵਿਤ ਹੋਏ ਹਨ।

## ਸਾਡੀ ਕਾਰਵਾਈ ਦੀਆਂ ਸੀਮਾਵਾਂ

ਲਾਅ ਸੁਸਾਇਟੀ ਨਾਲ ਸੰਪਰਕ ਕਰਨ ਤੋਂ ਪਹਿਲਾਂ, ਤੁਹਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਪ੍ਰੋਫੈਸ਼ਨਲ ਕੰਡਕਟ ਡਿਪਾਰਟਮੈਂਟ ਤੁਹਾਡੇ ਲਈ ਕੀ ਕਰ ਸਕਦਾ ਹੈ ਅਤੇ ਕੀ ਨਹੀਂ ਕਰ ਸਕਦਾ। ਲਾਅ ਸੁਸਾਇਟੀ ਦਾ ਇਨ੍ਹਾਂ ਚੀਜ਼ਾਂ ਬਾਰੇ ਕੋਈ ਅਧਿਕਾਰ ਨਹੀਂ ਹੈ:

- ਵਕੀਲ ਦੇ ਬਿੱਲ ਦੀ ਰਕਮ ਨਿਸ਼ਚਤ ਕਰਨਾ।
- ਕਾਨੂੰਨੀ ਸਲਾਹ ਦੇਣਾ।
- ਮੁਆਵਜ਼ਾ ਦੇਣਾ।
- ਅਦਾਲਤ ਦੀ ਕਾਰਵਾਈ ਵਿਚ ਦਖਲਅੰਦਾਜ਼ੀ ਕਰਨਾ।
- ਅਦਾਲਤ ਦੇ ਫੈਸਲੇ ਵਿਚ ਤਬਦੀਲੀ ਕਰਨਾ।
- ਇਹ ਜ਼ੋਰ ਦੇਣਾ ਕਿ ਵਕੀਲ ਕੇਸ ਲਵੇ, ਕੇਸ ਉੱਤੇ ਰਹੇ ਜਾਂ ਲਾਂਭੇ ਹੋਵੇ ਜਾਂ ਕੇਸ ਬਾਰੇ ਕੋਈ ਖਾਸ ਚੀਜ਼ ਕਰੇ।
- ਇਹ ਨਿਰਣਾ ਕਰਨਾ ਕਿ ਵਕੀਲ ਲਾਪਰਵਾਹ ਸੀ।
- ਕਿਸੇ ਵਕੀਲ ਦੇ ਕੰਮ ਉੱਤੇ ਵਿਚਾਰ ਕਰਨਾ।

ਜੇ ਤੁਸੀਂ ਆਪਣੇ ਵਕੀਲ ਦੀਆਂ ਫੀਸਾਂ ਬਾਰੇ ਫਿਕਰਮੰਦ ਹੋ ਤਾਂ ਤੁਹਾਨੂੰ ਬੀ ਸੀ ਸੁਪਰੀਮ ਕੋਰਟ ਦੇ ਰਜਿਸਟਰਾਰ ਦੇ ਦਫਤਰ ਨੂੰ ਆਪਣੇ ਬਿੱਲ ਉੱਤੇ ਨਜ਼ਰਸਾਨੀ (ਰਿਵੀਊ) ਕਰਨ ਲਈ ਕਹਿਣ ਦਾ ਹੱਕ ਹੈ। ਜ਼ਿਆਦਾ ਜਾਣਕਾਰੀ ਲਈ ਆਪਣੇ ਨੇੜੇ ਦੀ ਸੁਪਰੀਮ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ ਜਾਂ ਇਸ ਐਡਰੈਸ ਉਤੇ ਕੋਰਟ ਦਾ ਵੈੱਬਾਈਟ ਦੇਖੋ: *www.courts.gov.bc.ca/sc ("Legal Profession Act Review Process" ਤੇ ਕਲਿੱਕ ਕਰੋ.)* ਇਸ ਦੇ ਬਦਲ ਵਜੋਂ, ਲਾਅ ਸੁਸਾਇਟੀ ਫੀਸਾਂ ਬਾਰੇ ਵਿਚੋਲਗੀ ਦਾ ਇਕ ਪ੍ਰੋਗਰਾਮ ਪੇਸ਼ ਕਰਦੀ ਹੈ, ਜਿਹੜਾ ਕਿ ਰਜਿਸਟਰਾਰ ਵਲੋਂ ਫੀਸ ਉੱਤੇ ਵਿਚਾਰ ਕੀਤੇ ਜਾਣ ਦਾ ਇਕ ਗੈਰਰਸਮੀ ਬਦਲ ਹੈ। ਆਪਣੇ ਵਕੀਲ ਦੀਆਂ ਫੀਸਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, ਲਾਅ ਸੁਸਾਇਟੀ ਆਫ ਬੀ ਸੀ ਦਾ ਕਿਤਾਬਚਾ *ਆਪਣੇ ਵਕੀਲ ਦੀਆਂ ਫੀਸਾਂ ਨੂੰ ਸਮਝਣਾ* ਦੇਖੋ ਜਾਂ ਲਾਅ ਸੁਸਾਇਟੀ ਦੇ ਵੈੱਬਸਾਈਟ ਉੱਤੇ ਜਾਉ: www.lawsociety.bc.ca.


The Law Society
*of British Columbia*

845 Cambie Street
Vancouver, British Columbia
Canada V6B 4Z9

ਟੈਲੀਫੋਨ: (604) 669-2533
ਫੈਕਸ: (604) 605-5399
ਬੀ.ਸੀ. ਵਿਚ ਮੁਫਤ ਲਾਈਨ: 1-800-903-5300
ਟੀ ਟੀ ਵਾਈ: (604) 443-5700
ਈ–ਮੇਲ: professionalconduct@lsbc.org
www.lawsociety.bc.ca



**ਕਿਸੇ ਵਕੀਲ ਦੇ ਵਤੀਰੇ ਬਾਰੇ ਫਿਕਰਮੰਦ ਹੋ?**
(Punjabi Version) June 2004


# ਕਿਸੇ ਵਕੀਲ ਦੇ ਵਤੀਰੇ ਬਾਰੇ ਫਿਕਰਮੰਦ ਹੋ?


The Law Society
*of British Columbia*

## ਲਾਅ ਸੁਸਾਇਟੀ

ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਵਕੀਲਾਂ ਲਈ ਲਾਅ ਸੁਸਾਇਟੀ ਆਫ ਬੀ ਸੀ ਦੇ ਮੈਂਬਰ ਹੋਣਾ ਜ਼ਰੂਰੀ ਹੈ, ਜਿਹੜੀ ਕਿ 1869 ਵਿਚ ਕਾਇਮ ਕੀਤੀ ਗਈ ਇਕ ਆਜ਼ਾਦ ਸੰਸਥਾ ਹੈ ਅਤੇ ਇਹ ਕਾਨੂੰਨੀ ਕਿੱਤੇ ਦੇ ਸਾਰੇ ਮੈਂਬਰਾਂ ਵਲੋਂ ਦਿੱਤੀਆਂ ਫੀਸਾਂ ਨਾਲ ਚੱਲਦੀ ਹੈ। ਸੂਬਾਈ *ਲੀਗਲ ਪ੍ਰੋਫੈਸ਼ਨ ਐਕਟ* ਅਧੀਨ, ਲਾਅ ਸੁਸਾਇਟੀ, ਬੀ ਸੀ ਵਿਚਲੇ ਵਕੀਲਾਂ ਦੀ ਪੜ੍ਹਾਈ, ਪੇਸ਼ਾਵਰਾਨਾ ਵਤੀਰੇ ਅਤੇ ਲਿਆਕਤ ਦੇ ਮਿਆਰ ਤਹਿ ਕਰਦੀ ਹੈ।

ਲਾਅ ਸੁਸਾਇਟੀ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਦੀ ਸੇਵਾ, ਸਮਰੱਥ, ਆਦਰਯੋਗ ਅਤੇ ਆਜ਼ਾਦ ਕਾਨੂੰਨੀ ਪੇਸ਼ੇ ਵਲੋਂ ਚੰਗੀ ਤਰ੍ਹਾਂ ਕੀਤੀ ਜਾ ਰਹੀ ਹੈ।

## ਵਕੀਲ ਦਾ ਵਤੀਰਾ ਅਤੇ ਲਿਆਕਤ ਮਹੱਤਵਪੂਰਨ ਹਨ

ਲਾਅ ਸੁਸਾਇਟੀ ਵਕੀਲਾਂ ਤੋਂ ਇਹ ਮੰਗ ਕਰਦੀ ਹੈ ਕਿ ਉਹ ਕਾਨੂੰਨ ਦੀ ਪ੍ਰੈਕਟਿਸ, ਨੀਤੀ ਅਨੁਸਾਰ ਅਤੇ ਲਿਆਕਤ ਨਾਲ ਕਰਨਗੇ। ਉਦਾਹਰਣ ਲਈ ਇਕ ਵਕੀਲ ਨੂੰ:

- ਇਮਾਨਦਾਰ ਅਤੇ ਮਿਲਣਸਾਰ ਹੋਣਾ ਚਾਹੀਦਾ ਹੈ।
- ਗਾਹਕਾਂ ਨੂੰ ਜਾਣਕਾਰੀ ਦਿੰਦੇ ਰਹਿਣਾ ਚਾਹੀਦਾ ਹੈ, ਫੋਨਾਂ ਜਾਂ ਚਿੱਠੀਆਂ ਦਾ ਫੌਰਨ ਜਵਾਬ ਦੇਣਾ ਚਾਹੀਦਾ ਹੈ ਅਤੇ ਕੰਮ ਸਮੇਂ ਸਿਰ ਪੂਰਾ ਕਰਨਾ ਚਾਹੀਦਾ ਹੈ।
- ਗਾਹਕਾਂ ਦੇ ਭੇਤ ਦਾ ਆਦਰ ਕਰਨਾ ਚਾਹੀਦਾ ਹੈ।
- ਹਿੱਤਾਂ ਦੇ ਟਕਰਾਅ ਵਾਲਾ ਕੰਮ ਨਹੀਂ ਕਰਨਾ ਚਾਹੀਦਾ (ਜਿਵੇਂ ਕਿ ਪੁਰਾਣੇ ਗਾਹਕ ਖਿਲਾਫ ਅਯੋਗ ਢੰਗ ਨਾਲ ਕਾਰਵਾਈ ਕਰਨਾ ਜਾਂ ਕਿਸੇ ਗਾਹਕ ਨਾਲ ਅਯੋਗ ਢੰਗ ਨਾਲ ਵਪਾਰਕ ਹਿੱਤ ਸਾਂਝੇ ਕਰਨਾ)।
- ਗਾਹਕ ਦੇ ਫੰਡਾਂ ਅਤੇ ਜਾਇਦਾਦ ਅਤੇ ਵਕੀਲ ਦੇ ਹਵਾਲੇ ਕੀਤੀ ਰਕਮ ਦੀ ਸੁਰੱਖਿਆ ਕਰਨੀ ਚਾਹੀਦੀ ਹੈ।
- ਗਾਹਕਾਂ ਦੀ ਅਸਰਦਾਰ ਤਰੀਕੇ ਨਾਲ ਪ੍ਰਤੀਨਿਧਤਾ ਕਰਨ ਲਈ ਢੁਕਵੇਂ ਹੁਨਰ ਕਾਇਮ ਰੱਖਣੇ ਚਾਹੀਦੇ ਹਨ।

ਲਾਅ ਸੁਸਾਇਟੀ ਬੀ ਸੀ ਦੇ ਸਾਰੇ ਵਕੀਲਾਂ ਦੇ ਵਤੀਰੇ ਅਤੇ ਲਿਆਕਤ ਉੱਤੇ ਮੁੜ-ਵਿਚਾਰ ਕਰ ਸਕਦੀ ਹੈ, ਜਿਸ ਵਿਚ ਪ੍ਰਾਈਵੇਟ (ਨਿੱਜੀ) ਪ੍ਰੈਕਟਿਸ ਕਰਦੇ ਵਕੀਲ, ਲੀਗਲ ਏਡ ਦੇ ਵਕੀਲ, ਸਰਕਾਰੀ ਵਕੀਲ ਅਤੇ ਕਰਾਊਨ ਪ੍ਰੌਸੀਕਿਊਟਰਜ਼ ਸ਼ਾਮਲ ਹਨ। ਲਾਅ ਸੁਸਾਇਟੀ ਕਿਸੇ ਵਕੀਲ ਦੇ ਕਾਨੂੰਨੀ ਪ੍ਰੈਕਟਿਸ ਤੋਂ ਬਾਹਰਲੇ ਵਰਤਾਉ ਬਾਰੇ ਵੀ ਜਾਂਚ ਕਰ ਸਕਦੀ ਹੈ, ਜੇ ਇਹ ਵਰਤਾਉ ਕਾਨੂੰਨੀ ਕਿੱਤੇ ਦੀ ਨੇਕ-ਨੀਤੀ ਨੂੰ ਪ੍ਰਭਾਵਤ ਕਰਦਾ ਹੈ।

## ਜਦੋਂ ਸਮੱਸਿਆਵਾਂ ਪੈਦਾ ਹੋ ਜਾਣ

ਜੇ ਤੁਹਾਡੇ ਮਨ ਵਿਚ ਆਪਣੇ ਵਕੀਲ ਦੇ ਵਤੀਰੇ ਬਾਰੇ ਕੋਈ ਸਵਾਲ ਜਾਂ ਫਿਕਰ ਹੋਣ ਤਾਂ ਇਸ ਸਬੰਧੀ ਪਹਿਲਾ ਚੰਗਾ ਕਦਮ, ਆਪਣੇ ਵਕੀਲ ਜਾਂ ਵਕੀਲ ਦੀ ਫਰਮ ਦੇ ਕਿਸੇ ਹੋਰ ਮੈਂਬਰ ਨਾਲ ਗੱਲ ਕਰਨਾ ਹੁੰਦਾ ਹੈ। ਗੱਲਬਾਤ ਦੀ ਘਾਟ ਕਾਰਨ ਗਲਤਫਹਿਮੀਆਂ ਪੈਦਾ ਹੋ ਸਕਦੀਆਂ ਹਨ। ਆਪਣੇ ਫਿਕਰਾਂ ਬਾਰੇ ਗੱਲ ਕਰਕੇ ਅਕਸਰ ਤੁਸੀਂ ਇਹ ਗਲਤਫਹਿਮੀਆਂ ਦੂਰ ਕਰ ਸਕਦੇ ਹੋ। ਜੇ ਤੁਸੀਂ ਆਪਣੇ ਮਤਭੇਦ ਦੂਰ ਨਾ ਕਰ ਸਕੋ, ਜਾਂ ਜੇ ਤੁਸੀਂ ਆਪਣੇ ਵਕੀਲ ਦੀ ਥਾਂ ਕਿਸੇ ਹੋਰ ਵਕੀਲ ਬਾਰੇ ਫਿਕਰਮੰਦ ਹੋ ਤਾਂ ਤੁਸੀਂ ਲਾਅ ਸੁਸਾਇਟੀ ਦੇ ਪ੍ਰੋਫੈਸ਼ਨਲ ਕੰਡਕਟ ਡਿਪਾਰਟਮੈਂਟ ਨੂੰ ਚਿੱਠੀ ਲਿਖ ਸਕਦੇ ਹੋ ਜਾਂ ਫੋਨ ਕਰ ਸਕਦੇ ਹੋ।

ਜੇ ਤੁਸੀਂ ਸਾਨੂੰ ਚਿੱਠੀ ਲਿਖਣੀ ਹੈ ਤਾਂ ਤੁਹਾਨੂੰ ਵਕੀਲ ਦਾ ਨਾਂ, ਆਪਣੇ ਫਿਕਰਾਂ ਦਾ ਵੇਰਵਾ, ਅਤੇ ਆਪਣਾ ਨਾਂ, ਐਡਰੈਸ ਅਤੇ ਫੋਨ ਨੰਬਰ ਲਿਖ ਕੇ ਜ਼ਰੂਰ ਭੇਜਣੇ ਪੈਣਗੇ। ਤੁਹਾਨੂੰ ਢੁਕਵੇਂ ਪੇਪਰਾਂ ਦੀਆਂ ਕਾਪੀਆਂ ਵੀ ਜ਼ਰੂਰ ਭੇਜਣੀਆਂ ਪੈਣਗੀਆਂ। ਜੇ ਤੁਸੀਂ ਲਾਅ ਸੁਸਾਇਟੀ ਨੂੰ ਫੋਨ ਕਰਦੇ ਹੋ ਤਾਂ ਸਟਾਫ ਦਾ ਕੋਈ ਮੈਂਬਰ ਤੁਹਾਡੇ ਸਵਾਲਾਂ ਦੇ ਜਵਾਬ ਦੇਵੇਗਾ। ਕਿਰਪਾ ਕਰਕੇ ਇਹ ਗੱਲ ਯਾਦ ਰੱਖੋ ਕਿ ਲਾਅ ਸੁਸਾਇਟੀ ਨੂੰ ਦਿੱਤੀ ਗਈ ਸਾਰੀ ਜਾਣਕਾਰੀ ਉਸ ਵਕੀਲ ਨੂੰ ਭੇਜੀ ਜਾਵੇਗੀ।

ਲਾਅ ਸੁਸਾਇਟੀ ਦਾ ਪ੍ਰੋਫੈਸ਼ਨਲ ਕੰਡਕਟ ਡਿਪਾਰਟਮੈਂਟ ਆਪਣੀਆਂ ਸੇਵਾਵਾਂ ਲਈ ਕੋਈ ਪੈਸੇ ਨਹੀਂ ਲੈਂਦਾ ਅਤੇ ਤੁਹਾਨੂੰ ਆਪਣਾ ਪੱਖ ਪੇਸ਼ ਕਰਨ ਲਈ ਵਕੀਲ ਕਰਨ ਦੀ ਲੋੜ ਨਹੀਂ ਹੈ।

ਜੇ ਤੁਹਾਨੂੰ ਅੰਗਰੇਜ਼ੀ ਬੋਲਣ ਜਾਂ ਲਿਖਣ ਵਿਚ ਮੁਸ਼ਕਲ ਆਉਂਦੀ ਹੈ ਤਾਂ ਕਿਰਪਾ ਕਰਕੇ ਕਿਸੇ ਦੋਸਤ ਜਾਂ ਕਮਿਉਨਟੀ ਦੇ ਕਿਸੇ ਵਿਅਕਤੀ ਤੋਂ ਮਦਦ ਮੰਗੋ। ਜੇ ਅਜਿਹਾ ਕਰਨਾ ਸੰਭਵ ਨਾ ਹੋਵੇ ਤਾਂ ਲਾਅ ਸੁਸਾਇਟੀ ਹੋਰ ਪ੍ਰਬੰਧ ਕਰਨ ਲਈ ਤੁਹਾਡੀ ਮਦਦ ਕਰੇਗੀ।

## ਸਾਡੀ ਕਾਰਵਾਈ

ਪ੍ਰੋਫੈਸ਼ਨਲ ਕੰਡਕਟ ਡਿਪਾਰਟਮੈਂਟ, ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨ ਦੇ ਆਪਣੇ ਫਰਜ਼ ਨੂੰ ਸੱਭ ਤੋਂ ਵੱਧ ਪਹਿਲ ਦਿੰਦਾ ਹੈ। ਤੁਹਾਡੇ ਫਿਕਰਾਂ ਉੱਤੇ ਵਿਚਾਰ ਕਰਨ ਲਈ ਸਾਡੇ ਕੋਲ ਸਟਾਫ ਵਿਚ ਵਕੀਲ, ਕਾਨੂੰਨੀ ਸਹਾਇਕ, ਤਫਤੀਸ਼ਕਾਰ ਅਤੇ ਅਕਾਊਂਟੈਂਟ ਹਨ। ਕੋਈ ਫਾਇਲ ਆਮ ਤੌਰ ਉੱਤੇ ਇਨ੍ਹਾਂ ਕਦਮਾਂ ਵਿਚ ਦੀ ਲੰਘਦੀ ਹੈ:

1. ਤੁਹਾਡੀ ਫਾਇਲ ਸਟਾਫ ਦੇ ਕਿਸੇ ਵਿਅਕਤੀ ਨੂੰ ਦਿੱਤੀ ਜਾਂਦੀ ਹੈ ਜੋ ਕਿ ਵਕੀਲ ਨੂੰ ਤੁਹਾਡੀ ਸ਼ਿਕਾਇਤ ਬਾਰੇ ਦੱਸਦਾ ਹੈ ਅਤੇ ਇਹ ਫੈਸਲਾ ਕਰਦਾ ਹੈ ਕਿ ਕੀ ਪੜਤਾਲ ਕਰਨ ਦਾ ਆਧਾਰ ਮੌਜੂਦ ਹੈ (ਉਦਾਹਰਣ ਲਈ, ਕੀ ਲਾਅ ਸੁਸਾਇਟੀ ਨੂੰ *ਲੀਗਲ ਪ੍ਰੋਫੈਸ਼ਨ ਐਕਟ* ਅਧੀਨ ਮਸਲੇ ਉੱਤੇ ਵਿਚਾਰ ਕਰਨ ਦਾ ਅਧਿਕਾਰ ਹੈ)। ਜੇ ਪੜਤਾਲ ਕਰਨ ਦਾ ਕੋਈ ਆਧਾਰ ਮੌਜੂਦ ਨਹੀਂ ਹੈ ਤਾਂ ਫਾਇਲ ਇਸੇ ਪੜਾ ਉੱਤੇ ਬੰਦ ਕਰ ਦਿੱਤੀ ਜਾਵੇਗੀ।
2. ਜੇ ਪੜਤਾਲ ਕਰਨ ਦੀ ਲੋੜ ਹੈ ਤਾਂ ਅਸੀਂ ਵਕੀਲ ਤੋਂ ਉਸ ਦਾ ਜਵਾਬ ਮੰਗਾਂਗੇ।
3. ਵਕੀਲ ਦਾ ਜਵਾਬ ਮਿਲਣ ਉਪਰੰਤ, ਜੇ ਜ਼ਰੂਰੀ ਹੋਇਆ ਤਾਂ ਸਟਾਫ ਦਾ ਵਿਅਕਤੀ ਤੁਹਾਡੇ ਤੋਂ, ਵਕੀਲ ਤੋਂ ਜਾਂ ਇਸ ਨਾਲ ਸੰਬੰਧਿਤ ਕਿਸੇ ਹੋਰ ਵਿਅਕਤੀ ਤੋਂ ਹੋਰ ਜਾਣਕਾਰੀ ਲਵੇਗਾ।
4. ਪੜਤਾਲ ਮੁਕੰਮਲ ਕਰਨ ਤੋਂ ਬਾਅਦ, ਸਟਾਫ ਦਾ ਵਿਅਕਤੀ ਅੱਗੇ ਲਿਖਿਆਂ ਵਿਚੋਂ ਇਕ ਚੀਜ਼ ਕਰੇਗਾ:
   - ਜੇ ਸ਼ਿਕਾਇਤ ਬੇਬੁਨਿਆਦ ਹੋਵੇ, ਜਾਂਚ ਕਰਨ ਯੋਗ ਨਾ ਹੋਵੇ ਜਾਂ ਅਜਿਹਾ ਕੰਮ ਨਾ ਦਿਖਾਉਂਦੀ ਹੋਵੇ ਜਿਸ ਲਈ ਗੰਭੀਰਤਾ ਨਾਲ ਅਗਾਂਹ ਕਦਮ ਚੁੱਕਣ ਦੀ ਲੋੜ ਹੋਵੇ ਤਾਂ ਹੋਰ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।
   - ਜੇ ਲਿਆਕਤ ਨਾਲ ਸੰਬੰਧਿਤ ਮਸਲੇ ਹਨ ਤਾਂ ਇਹ ਮਾਮਲਾ ਪ੍ਰੈਕਟਿਸ ਸਟੈਂਡਰਡਜ਼ ਕਮੇਟੀ ਕੋਲ ਭੇਜੇਗਾ। ਪ੍ਰੈਕਟਿਸ ਸਟੈਂਡਰਡਜ਼ ਕਮੇਟੀ ਇਹ ਫੈਸਲਾ ਕਰੇਗੀ ਕਿ ਕੀ ਵਕੀਲ ਨੂੰ ਆਪਣੇ ਹੁਨਰ ਵਧਾਉਣ ਦੀ ਲੋੜ ਹੈ, ਆਪਣੀ ਪ੍ਰੈਕਟਿਸ ਵਿਚ ਤਬਦੀਲੀਆਂ ਕਰਨ ਦੀ ਲੋੜ ਹੈ ਜਾਂ ਕੋਈ ਹੋਰ ਸੇਧ ਲੈਣ ਦੀ ਲੋੜ ਹੈ।
   - ਜੇ ਸਦਾਚਾਰਕ ਮਸਲੇ ਹਨ ਜਾਂ ਲਾਅ ਸੁਸਾਇਟੀ ਦੇ ਨਿਯਮਾਂ ਦੀ ਉਲੰਘਣਾ ਹੋਈ ਹੈ ਤਾਂ ਉਹ ਇਹ ਮਾਮਲਾ ਡਿਸਿਪਲਿਨ ਕਮੇਟੀ ਕੋਲ ਭੇਜੇਗਾ। ਡਿਸਿਪਲਿਨ ਕਮੇਟੀ ਇਹ ਫੈਸਲਾ ਕਰੇਗੀ ਕਿ ਕੀ ਵਕੀਲ ਦੇ ਵਤੀਰੇ ਉੱਤੇ ਵਿਚਾਰ ਕੀਤੇ ਜਾਣ ਦੀ ਲੋੜ ਹੈ ਜਾਂ ਰਸਮੀ ਅਨੁਸ਼ਾਸਨੀ ਸੁਣਵਾਈ ਹੋਣੀ ਚਾਹੀਦੀ ਹੈ। ਸੁਣਵਾਈ ਹੋਣ ਨਾਲ ਵਕੀਲ ਨੂੰ ਡਾਂਟ ਹੋ ਸਕਦੀ ਹੈ, ਜੁਰਮਾਨਾ ਕੀਤਾ ਜਾ ਸਕਦਾ ਹੈ, ਮੁਅੱਤਲ ਕੀਤਾ ਜਾ ਸਕਦਾ ਹੈ ਜਾਂ ਵਕੀਲੀ ਕਰਨ ਤੋਂ ਬਰਖਾਸਤ ਕੀਤਾ ਜਾ ਸਕਦਾ ਹੈ।

ਲਾਅ ਸੁਸਾਇਟੀ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਲੋਕਾਂ ਦੀ ਸੇਵਾ, ਸਮਰੱਥ, ਆਦਰਯੋਗ ਅਤੇ ਆਜ਼ਾਦ ਕਾਨੂੰਨੀ ਪੇਸ਼ੇ ਵਲੋਂ ਚੰਗੀ ਤਰ੍ਹਾਂ ਕੀਤੀ ਜਾ ਰਹੀ ਹੈ।

THE LAW SOCIETY OF BRITISH COLUMBIA